# ਇਹ ਯਕੀਨੀ ਬਣਾਉਣਾ ਕਿ ਨਵੇਂ ਆਉਣ ਵਾਲੇ ਐਲਬਰਟਾ 'ਚ ਕਾਮਯਾਬ ਹੋ ਸਕਦੇ ਹਨ

16 ਅਕਤੂਬਰ 2024 ਮੀਡੀਆ ਇੰਨਕੁਆਰੀਆਂ

## ਤੀਸਰੀ ਸਲਾਨਾਂ ਪ੍ਰੀਮੀਅਰ'ਜ਼ ਸੰਮਿੱਟ ਆਨ ਫੇਅਰਨੈੱਸ ਫਾਰ ਨਿਊਕਮਰਜ਼ (Summit) ਹਰੇਕ ਐਲਬਰਟਾ ਨਿਵਾਸੀ ਦੀ ਮਦਦ ਨਾਲ ਸੂਬੇ ਦੀ ਉਸਾਰੀ ਕਰਨ ਲਈ ਪਹਿਲਾਂ ਦੀ ਗਤੀ ਅਤੇ ਕੰਮ ਨੂੰ ਆਧਾਰ ਬਣਾਉਂਦੀ ਹੈ।

ਐਲਬਰਟਾ ਸਰਕਾਰ ਇਹ ਯਕੀਨੀ ਬਣਾਉਣ ਲਈ ਪ੍ਰਤਿਬਧ ਹੈ ਕਿ ਹਰੇਕ ਨਵਾਂ ਆਉਂਣ ਵਾਲਾ ਸੂਬੇ 'ਚ ਪ੍ਰਫੁਲਤ ਹੋ ਸਕਦਾ ਹੈ ਅਤੇ ਆਪਣੀਆਂ ਉੱਚਤਮ ਸੰਭਾਵਨਾਵਾਂ ਤੱਕ ਪਹੁੰਚ ਸਕਦਾ ਹੈ। ਨਵੇਂ ਆਉਂਣ ਵਾਲੇ ਐਲਬਰਟਾ ਦੀ ਆਰਥਿਕਤਾ 'ਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ, ਅਤੇ ਮੂਲ ਸੈਕਟਰਾਂ, ਜਿਵੇਂ ਹੈਲਥ ਕੇਅਰ ਅਤੇ ਕੰਸਟ੍ਰੱਕਸ਼ਨ 'ਚ ਹੁਨਰੀ ਕਾਮਿਆਂ ਦੀ ਘਾਟ ਨੂੰ ਪੂਰਿਆਂ ਕਰਨ 'ਚ ਮਦਦ ਕਰਦੇ ਹਨ। ਸੰਮਿੱਟ/ਸਿਖਰ ਸੰਮੇਲਨ ਨਵੇਂ ਆਉਣ ਵਾਲਿਆਂ ਦੀ ਕਾਮਯਾਬੀ ਲਈ ਰਸਤਿਆਂ ਦੀ ਭਾਲ ਕਰੇਗਾ, ਜਿਹੜੇ ਐਲਬਰਟਾ ਦੀ ਆਰਥਿਕ ਤਰੱਕੀ 'ਚ ਸਹਾਈ ਹੁੰਦੇ ਹਨ।

ਇਸ ਸਾਲ ਦੇ ਸਿਖਰ ਸੰਮੇਲਨ ਦਾ ਮੂਲ ਵਿਸ਼ਾ ਹੈ, "ਸੈਲੀਬ੍ਰੇਟਿੰਗ ਟਰੇਡਜ਼ ਐਂਡ ਪ੍ਰੋਫੈਸ਼ਨਲਜ਼ ਇੰਨ ਐਲਬਰਟਾ" (ਐਲਬਰਟਾ 'ਚ ਟਰੇਡਾਂ ਅਤੇ ਪ੍ਰੋਫੈਸ਼ਨਲਾਂ ਦਾ ਜ਼ਸ਼ਨ ਮਨਾਉਣਾ) ਅਤੇ ਇਹ ਕਾਮਯਾਬੀ ਦੀਆਂ ਅਸਲ ਕਹਾਣੀਆਂ 'ਤੇ ਚਾਨਣਾ ਪਾਵੇਗਾ। ਸਿਖਰ ਸੰਮੇਲਨ ਐਲਬਰਟਾ ਭਰ 'ਚੋਂ ਮੁੱਖ ਭਾਈਵਾਲਾਂ ਨੂੰ ਉਨ੍ਹਾਂ ਕਾਰਜ਼ਾਂ ਬਾਰੇ ਗੱਲਬਾਤ ਕਰਨ ਲਈ ਇਕੱਠਿਆਂ ਕਰ ਰਿਹਾ ਹੈ ਜਿਹੜੇ ਨਵੇਂ ਆਉਣ ਵਾਲਿਆਂ ਅਤੇ ਸਾਰੇ ਐਲਬਰਟਾ ਵਾਸੀਆਂ ਲਈ ਲਾਭਕਾਰੀ ਬਣਦੇ ਹਨ ਅਤੇ ਦਰਸਾਉਂਦੇ ਹਨ ਕਿ ਕਿਵੇਂ ਹੁਨਰਮੰਦ ਟਰੇਡ ਅਤੇ ਨਿਯਮਿਤ ਪ੍ਰੋਫੈਸ਼ਨ ਨਵੇਂ ਆਉਣ ਵਾਲਿਆਂ ਦੀ ਵਿੱਤੀ ਸਥਿਰਤਾ ਅਤੇ ਕਾਮਯਾਬੀ ਲਈ ਸਪੱਸ਼ਟ ਰਸਤੇ ਪੇਸ਼ ਕਰ ਸਕਦੇ ਹਨ। ਹਾਜ਼ਰ ਹੋਣ ਵਾਲਿਆਂ 'ਚ ਨਵੇਂ ਆਉਣ ਵਾਲਿਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀਆ ਸੰਸਥਾਵਾਂ, ਪੋਸਟ-ਸੈਕੰਡਰੀ ਇੰਸਟੀਚਿਊਸ਼ਨਾਂ, ਐਲਬਰਟਾ ਦੀਆਂ ਚੋਣਵੀਆਂ ਨਿਯਮਤਕਾਰੀ ਬਾਡੀਆਂ, ਟਰੇਡ ਯੂਨੀਅਨਾਂ ਅਤੇ ਇੰਡਸਟਰੀ ਦੇ ਪ੍ਰਤਿਨਿਧ ਸ਼ਾਮਲ ਹੋਣਗੇ।

"ਐਲਬਰਟਾ ਐਡਵਾਂਟੇਜ ਦਾ ਇਕ ਪ੍ਰਮੁੱਖ ਭਾਗ ਉਹ ਲੋਕ ਹਨ ਜਿਹੜੇ ਸਾਡੀਆਂ ਕਮਿਊਨਿਟੀਆਂ, ਸਾਡੀ ਆਰਥਿਕਤਾ ਅਤੇ ਸਾਡੀ ਖੁਸ਼ਹਾਲੀ 'ਚ ਯੋਗਦਾਨ ਪਾਉਂਦੇ ਹਨ। ਜਦੋਂ ਕਿ ਐਲਬਰਟਾ ਦੀ ਆਰਥਿਕਤਾ ਗਤੀ ਫੜਨੀ ਜਾਰੀ ਰੱਖ ਰਹੀ ਹੈ, ਅਸੀਂ ਬਹੁਤ ਸਾਰੇ ਖੇਤਰਾਂ 'ਚ ਹੁਨਰਮੰਦ ਲੇਬਰ ਦੀ ਵਧ ਰਹੀ ਲੋੜ ਨੂੰ ਵੇਖ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਕਈ ਸਾਰੇ ਨਵੇਂ ਆਇਆਂ ਪਾਸ ਉਨ੍ਹਾਂ ਖੇਤਰਾਂ

"ਚ ਨੌਕਰੀਆਂ ਨੂੰ ਭਰਨ ਲਈ ਹੁਨਰ ਅਤੇ ਤਜ਼ਰਬਾ ਮੌਜੂਦ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਅਸੀਂ ਅਜਿਹਾ ਮਾਹੌਲ ਪੈਦਾ ਕਰੀਏ ਜਿੱਥੇ ਵਿਦੇਸ਼ੀ ਟਰੇਡ ਯੋਗਤਾਵਾਂ ਨੂੰ ਵਧੇਰੇ ਤੇਜ਼ੀ ਅਤੇ ਘੱਟ ਲਾਲ-ਫੀਤਾਸ਼ਾਹੀ ਨਾਲ ਮਾਨਤਾ ਮਿਲ ਸਕੇ।"

*Danielle Smith, ਪ੍ਰੀਮੀਅਰ ਆਫ ਐਲਬਰਟਾ*

ਇਸ ਸਾਲ ਦੇ ਸਿਖਰ ਸੰਮੇਲਨ 'ਚ ਹੇਠਾਂ ਦਿੱਤੇ ਮੂਲ ਵਿਸ਼ੇ ਸ਼ਾਮਲ ਹੋਣਗੇ:

- ਪ੍ਰਤਿਭਾ ਖਿੱਚਣਾ: ਐਲਬਰਟਾ ਦੀ ਵਰਕਫੋਰਸ ਨੂੰ ਮਜ਼ਬੂਤ ਕਰਨ ਲਈ ਨਵੇਂ ਆਉਂਣ ਵਾਲਿਆਂ ਦੇ ਸਖਤ ਮਿਹਨਤ, ਹੁਨਰ ਅਤੇ ਕਾਰੋਬਾਰੀ ਰੁਝਾਨਾਂ ਨੂੰ ਖਿੱਚਣਾ।
- ਕਾਮਯਾਬੀ ਦੇ ਰਸਤੇ: ਐਲਬਰਟਾ 'ਚ ਨਵੇਂ ਆਉਣ ਵਾਲਿਆਂ ਲਈ ਹੁਨਰੀ ਟਰੇਡਾਂ ਅਤੇ ਨਿਯਮਿਤ ਪ੍ਰੋਫੈਸ਼ਨਾਂ 'ਚ ਜਾਣ ਲਈ ਸਪੱਸ਼ਟ ਰਸਤੇ।
- ਯੋਗਤਾਵਾਂ ਨੂੰ ਮਾਨਤਾ: ਨਵੇਂ ਆਇਆਂ ਨੂੰ ਜੌਬ ਮਾਰਕੀਟ 'ਚ ਜਲਦੀ ਦਾਖਲ ਹੋਣ 'ਚ ਮਦਦ ਕਰਨ ਲਈ ਵਿਦੇਸ਼ੀ ਯੋਗਤਾਵਾਂ ਦੀ ਮਾਨਤਾ ਨੂੰ ਸੁਖਾਲਿਆਂ ਬਣਾਉਣ ਵਾਸਤੇ ਯਤਨ।
- ਪ੍ਰਾਪਤੀਆਂ ਨੂੰ ਮਾਨਤਾ ਦੇਣਾ: ਨਵੇਂ ਆਇਆਂ ਦੇ ਲੇਬਰ ਮਾਰਕੀਟ 'ਚ ਸ਼ਾਮਲ ਹੋਣ ਨੂੰ ਬੜ੍ਹਾਵਾ ਦੇਣ ਲਈ ਐਲਬਰਟਾ ਸਰਕਾਰ ਦੇ ਢੰਗ ਤਰੀਕੇ।

ਓਨਟੈਰੀਓ ਦੇ ਭੂਤ-ਪੂਰਵ ਲੇਬਰ ਮਿਨਿਸਟਰ Monte McNaughton ਲੇਬਰ, ਟਰੇਨਿੰਗ ਅਤੇ ਸਕਿੱਲ ਡਿਵੈਲਪਮੈਂਟ ਬਾਰੇ ਆਪਣੀ ਅੰਤਰੀਵ ਸੂਝ ਨੂੰ ਸਾਂਝਿਆਂ ਕਰਨ ਵਾਸਤੇ ਮੁੱਖ ਭਾਸ਼ਣ ਦੇਣਗੇ, ਜਿਸ 'ਚ ਵਰਕਫੋਰਸ ਵਿਚ ਨਵੇਂ ਆਇਆਂ ਵਾਸਤੇ ਕੀਤੇ ਗਏ ਬੁਨਿਆਦੀ ਕਿਸਮ ਦੇ ਯਤਨ ਸ਼ਾਮਲ ਹੋਣਗੇ।

"ਨਵੇਂ ਆਉਣ ਵਾਲੇ ਅਣਮੁੱਲ ਪ੍ਰਕਾਰ ਦੇ ਹੁਨਰ, ਨੁਕਤੇ ਅਤੇ ਦ੍ਰਿਸ਼ਟੀਕੋਣ ਲੈ ਕੇ ਆਉਂਦੇ ਹਨ ਜਿਹੜੇ ਸਾਡੀ ਵਰਕਫੋਰਸ ਅਤੇ ਸਾਡੀਆਂ ਕਮਿਊਨਿਟੀਆਂ ਨੂੰ ਅਮੀਰ ਬਣਾਉਂਦੇ ਹਨ। ਉਨ੍ਹਾਂ ਦੇ ਅੰਤਰਰਾਸ਼ਟਰੀ ਹੁਨਰਾਂ ਦੀ ਸਹੀ ਪ੍ਰਕਾਰ ਦੀ ਮਦਦ ਅਤੇ ਮਾਨਤਾ ਨਾਲ, ਨਵੇਂ ਆਏ ਲੋਕ ਹੁਨਰਮੰਦ ਟਰੇਡਾਂ ਅਤੇ ਨਿਯਮਿਤ ਪ੍ਰਕਾਰ ਦੇ ਪ੍ਰੋਫੈਸ਼ਨਾਂ 'ਚ ਪ੍ਰਫੁੱਲਤ ਹੋ ਸਕਦੇ ਹਨ। ਇਹ ਪ੍ਰੋਫੈਸ਼ਨ ਕੇਵਲ ਨੌਕਰੀ ਨਾਲੋਂ ਵਧੇਰੇ ਕੁਝ ਹਨ; ਉਹ ਖੁਸ਼ਹਾਲੀ ਦੇ ਰਸਤੇ ਹਨ।"

*Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

"ਇਸ ਸਿਖਰ ਸੰਮੇਲਨ 'ਤੇ ਸਾਂਝੀ ਕੀਤੀ ਜਾਣ ਵਾਲੀ ਹਰੇਕ ਕਹਾਣੀ ਨਵੇਂ ਆਇਆਂ ਦੇ ਮੁੜ-ਸਥਾਪਨ ਅਤੇ ਦ੍ਰਿੜਤਾ ਦੀ ਯਾਦਗਾਰ ਵਜੋਂ ਕੰਮ ਕਰਦੀ ਹੈ। ਕਾਮਯਾਬੀ ਦੀਆਂ ਇਹ ਕਹਾਣੀਆਂ ਦਰਸਾਉਂਦੀਆਂ ਹਨ ਕਿ ਸਹੀ ਪ੍ਰਕਾਰ ਦੀ ਮਦਦ ਅਤੇ ਮਾਨਤਾ ਨਾਲ ਨਵੇਂ ਆਏ ਲੋਕ ਪ੍ਰਫੁੱਲਤ ਹੋ ਸਕਦੇ ਹਨ ਅਤੇ ਸਾਡੀ ਆਰਥਿਕਤਾ 'ਚ ਨਵੀਨਤਾ ਲਿਆ ਸਕਦੇ ਹਨ।"

*Muhammad Yaseen, ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਅੰਤਰਰਾਸ਼ਟਰੀ ਟਰੇਡ ਯੋਗਤਾਵਾਂ ਦੀ ਮਾਨਤਾ ਨੂੰ ਸੁਖਾਲਿਆਂ ਬਣਾਉਣ ਲਈ ਐਡਵਾਂਸਡ ਐਜੂਕੇਸ਼ਨ ਮਹਿਕਮਾ ਹੋਰਨਾਂ ਅਧਿਕਾਰ ਖੇਤਰਾਂ ਨਾਲ ਮਿਲਵਰਤਨ ਸਹਿਤ ਕੰਮ ਕਰਨਾਂ ਜਾਰੀ ਰੱਖ ਰਿਹਾ ਹੈ, ਜਿਸ ਨਾਲ ਹੋਰ ਵਧੇਰੇ ਨਵੇਂ ਆਏ ਲੋਕ ਦੁਬਾਰਾ ਤੋਂ ਟਰੇਨਿੰਗ ਅਤੇ ਇੰਮਤਿਹਾਨ ਤੋਂ ਬਗੈਰ ਐਲਬਰਟਾ 'ਚ ਆਪਣੇ ਟਰੇਡਾਂ 'ਚ ਕੰਮ ਕਰ ਸਕਣਗੇ।

## ਸਬੰਧਤ ਜਾਣਕਾਰੀ

- ਪ੍ਰੀਮੀਅਰ'ਜ਼ ਸੰਮਿੱਟ ਆਨ ਫੇਅਰਨੈੱਸ ਫਾਰ ਨਿਊਕਮਰਜ਼

## ਸਬੰਧਤ ਖਬਰਾਂ

- ਇੰਮੀਗਰੇਸ਼ਨ ਪਾਥਵੇਅ ਐਸਿਸਟਸ ਐਲਬਰਟਾ ਹੈਲਥ ਕੇਅਰ (8 ਅਗਸਤ 2024)
- ਪਾਰਟਨਰਿੰਗ ਟੂ ਸਟ੍ਰੀਮਲਾਈਨ ਟਰੇਡ ਕ੍ਰੈਡੈਂਸ਼ੀਅਲ (5 ਜਲਾਈ 2024)

## ਮੀਡੀਆ ਇੰਨਕੁਆਰੀਆਂ


### Savannah Johannsen

780-427-2251
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

### Varun Chandrasekar

780-293-1745
ਪ੍ਰੈੱਸ ਸੈਕਰੇਟਰੀ, ਐਡਵਾਂਸਡ ਐਜੂਕੇਸ਼ਨ